# ਕਲਾ ਦੇ ਝਰੋਖੇ ਤੋਂ

29.6.97

## ਨਾਟਕ ਕਿਹੋ ਜਿਹਾ ਹੋਵੇ?

ਪਿਛਲੇ ਸਾਲ ਆਰਿਸ' ਅਤੇ ਹੁਣ 'ਬਾਰਡਰ' ਫਿਲਮ ਦੀ ਮਕਬੂਲੀਅਤ ਅਤੇ ਟਿਕਟ ਖਿੜਕੀ 'ਤੇ ਕਾਮਯਾਬੀ ਦੱਸਦੀ ਹੈ ਕਿ ਸਮਕਾਲੀ ਹਾਲਾਤ ਨੂੰ ਜੇ ਫਿਲਮ ਦਾ ਵਿਸ਼ਾ ਬਣਾਇਆ ਜਾਵੇ ਤਾਂ ਲੋਕ ਉਹਨੂੰ ਵੱਧ ਸਵੀਕਾਰ ਕਰਦੇ ਹਨ, ਖਾਸ ਕਰ ਕੇ ਵਿਸ਼ਾ ਵਾਦ-ਵਿਵਾਦ ਵਾਲਾ ਹੋਵੇ। ਇਕ ਲੇਖਕ ਨੇ, ਡਾਇਰੈਕਟਰ ਨੇ ਉਸ ਵਿਸ਼ੇ ਬਾਰੇ ਆਪਣਾ ਨਜ਼ਰੀਆ ਵੀ ਪੇਸ਼ ਕਰਨਾ ਹੁੰਦਾ ਹੈ ਤੇ ਟਿੱਪਣੀ ਵੀ ਕਰਨੀ ਹੁੰਦੀ ਹੈ। ਨਾਟਕਾਂ ਦਾ ਤਜਰਬਾ ਵੀ ਇਹੀ ਸਿੱਧ ਕਰਦਾ ਹੈ।

ਸਮਕਾਲੀ ਮਸਲਿਆਂ ਉਤੇ ਖਬਰਾਂ ਅਖਬਾਰਾਂ ਵਿਚ ਪੜ੍ਹਨ ਨੂੰ ਮਿਲਦੀਆਂ ਹਨ। ਉਨ੍ਹਾਂ ਖ਼ਬਰਾਂ 'ਤੇ ਟਿੱਪਣੀਆਂ ਵੀ ਮਿਲਦੀਆਂ ਹਨ, ਖੁੱਲ੍ਹੀ ਬਹਿਸ ਵੀ ਹੁੰਦੀ ਹੈ ਪਰ ਸਾਹਿਤ ਅਤੇ ਖਾਸ ਕਰ ਕੇ ਨਾਟਕ ਇਨ੍ਹਾਂ ਨੂੰ ਨਹੀਂ ਛੋਂਹਦੇ। ਦਲੀਲ ਇਹ ਦਿੱਤੀ ਜਾਂਦੀ ਹੈ ਕਿ ਇਹ ਮਸਲਾ ਜਾਂ ਵਿਸ਼ਾ ਆਰਜ਼ੀ ਅਹਿਮੀਅਤ ਦਾ ਹੈ ਤੇ ਜਿਹੜੀ ਚੀਜ਼ ਆਰਜ਼ੀ ਹੋਵੇ ਉਹ ਅਮਰ ਸਾਹਿਤ ਬਣਨ ਦੀ ਸੰਭਾਵਨਾ ਨਹੀਂ ਰੱਖਦੀ। ਸਾਹਿਤ ਉਹੀ ਹੈ ਜਿਸ ਵਿਚ ਉਨ੍ਹਾਂ ਮਾਨਵੀ ਕਦਰਾਂ ਕੀਮਤਾਂ ਦਾ ਜ਼ਿਕਰ ਹੋਵੇ ਜੋ ਸਦੀਆਂ ਤਕ ਕਾਇਮ ਰਹਿਣ। ਅਖਬਾਰੀ ਵਿਸ਼ਿਆਂ ਤੋਂ ਅਖਬਾਰੀ ਕਿਸਮ ਦਾ ਨਾਟਕ ਤਾਂ ਹੋ ਸਕਦਾ ਹੈ ਪਰ ਉਹ ਕਿਸੇ ਕਿਸਮ ਦਾ ਕਲਾਸੀਕਲ ਦਰਜਾ ਨਹੀਂ ਰੱਖੇਗਾ।

ਪਰ ਅਮਲ ਵਿਚ ਇਹ ਹੋ ਰਿਹਾ ਹੈ ਕਿ ਕਲਾਸਕੀ ਕਿਰਤਾਂ ਨੂੰ ਸਿਰਜਦੇ ਸਿਰਜਦੇ ਨਾਟਕ ਲੋਕਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਨਾਟਕ ਨਿਰਦੇਸ਼ਾਂ ਵਲੋਂ ਹਰ ਵੇਲੇ ਸ਼ਿਕਾਇਤ ਰਹਿੰਦੀ ਹੈ ਕਿ ਕੋਈ ਰੰਗੀ ਨਾਟਕੀ ਸਕਰਿਪਟ ਨਹੀਂ ਲੱਭਦੀ ਪਰ ਸ਼ਿਕਾਇਤ ਕਰਨ ਤੋਂ ਪਹਿਲਾਂ ਇਹ ਵੇਖਣਾ ਜ਼ਰੂਰੀ ਹੈ ਕਿ ਸਾਡੇ ਡਾਇਰੈਕਟਰ ਸਮਕਾਲੀ ਸਮਾਜਿਕ ਵਰਤਾਰੇ ਬਾਰੇ ਕਿੰਨੀ ਕੁ ਡੂੰਘਿਆਈ ਨਾਲ ਸੋਚਦੇ ਹਨ ਜਾਂ ਉਹਦੇ ਬਾਰੇ ਫਿਕਰਮੰਦ ਹਨ। ਜੇ ਉਹ ਸਮਾਜਿਕ ਵਰਤਾਰੇ ਨਾਲ ਜੁੜੇ ਹੋਣ ਤਾਂ ਵਿਸ਼ੇ ਲੱਭਣੇ ਮੁਸ਼ਕਿਲ ਨਹੀਂ। ਲੇਖਕ ਅਤੇ ਡਾਇਰੈਕਟਰ ਰਲ ਕੇ ਬੈਠਣ ਤਾਂ ਸਕਰਿਪਟ ਤਿਆਰ ਕੀਤੀ ਜਾ ਸਕਦੀ ਹੈ।

ਮਿਸਾਲ ਦੇ ਤੌਰ 'ਤੇ ਅਜੀਤ ਸਿੰਘ ਸੰਧੂ ਦੀ ਖੁਦਕੁਸ਼ੀ ਆਪਣੇ ਆਪ ਵਿਚ ਇਕ ਬੜਾ ਹੀ ਨਾਟਕੀ ਸੰਭਾਵਨਾਵਾਂ ਵਾਲਾ ਵਿਸ਼ਾ ਹੈ। ਇਹ ਇਕ ਐਸੇ ਪੁਲੀਸਮੈਨ ਦੀ ਮੌਤ ਹੈ ਜਿਸ ਨੇ ਪੰਜਾਬ ਵਿਚ ਅਤਿਵਾਦ 'ਤੇ ਕਾਬੂ ਪਾਉਣ ਲਈ ਇਕ ਅਹਿਮ ਭੂਮਿਕਾ ਨਿਭਾਈ ਪਰ ਨਾਲ ਹੀ ਮਾਨਵੀ ਕਦਰਾਂ-ਕੀਮਤਾਂ ਦੀਆਂ ਧੱਜੀਆਂ ਵੀ ਉਡਾਈਆਂ। ਜਿਹੜਾ ਬਹਾਦਰ ਸੀ, ਆਪਣੀ ਜਾਨ ਤਲੀ 'ਤੇ ਰੱਖ ਕੇ ਵੱਡੇ ਤੋਂ ਵੱਡਾ ਖਤਰਾ ਵੀ ਮੁੱਲ ਲੈਣ ਤੋਂ ਸੰਕੋਚ ਨਹੀਂ ਸੀ ਕਰਦਾ ਪਰ ਜਿਹੜਾ ਅਖੀਰ ਵਿਚ ਖੁਦਕੁਸ਼ੀ ਵਰਗੀ ਬੁਜ਼ਦਿਲੀ ਵੀ ਦਿਖਾ ਗਿਆ।

ਹੁਣ ਜਦੋਂ ਇਹੋ ਜਿਹੇ ਵਿਸ਼ੇ 'ਤੇ ਨਾਟਕ ਲਿਖਿਆ ਜਾਵੇਗਾ ਤਾਂ ਪੰਜਾਬ ਦੇ ਸੰਤਾਪ ਦੀ ਸਾਰੀ ਕਹਾਣੀ ਛੇੜਨੀ ਪਏਗੀ। ਕਈ ਥਾਵਾਂ 'ਤੇ ਸਪਸ਼ਟ ਬਿਆਨਬਾਜ਼ੀ ਵੀ ਕਰਨੀ ਪਏਗੀ। ਗਿਆਨੀ ਜ਼ੈਲ ਸਿੰਘ, ਦਰਬਾਰਾ ਸਿੰਘ, ਸੰਤ ਭਿੰਡਰਾਂਵਾਲਾਂ, ਬਾਦਲ, ਟੌਹੜਾ, ਸਿਮਰਨਜੀਤ ਸਿੰਘ ਮਾਨ, ਬੇਅੰਤ ਸਿੰਘ, ਕੇ.ਪੀ.ਐਸ. ਗਿੱਲ, ਮਾਨੋਚਾਹਲ ਆਦਿ ਪਾਤਰ ਜਾਂ ਉਨ੍ਹਾਂ ਦੇ ਸਮਾਂਤਰ ਪਾਤਰ ਵੀ ਲਿਆਉਣੇ ਪੈਣਗੇ। ਵਿਸ਼ਾ ਅਤੇ ਵਿਸ਼ੇ ਵਲ ਪਹੁੰਚ ਵਾਦ-ਵਿਵਾਦ ਵਾਲੀ ਹੋਵੇਗੀ ਅਤੇ ਬਹੁਤ ਕੁਝ ਸਾਰੇ ਲੋਕਾਂ ਨੂੰ ਨਹੀਂ ਪਚੇਗਾ। ਪੰਜਾਬ ਦੇ ਸੰਤਾਪ ਬਾਰੇ ਹਿੰਦੂ ਅਤੇ ਸਿੱਖ ਰਾਇ ਆਮ ਬਿਲਕੁਲ ਵੱਖ ਰਹੀ ਹੈ ਤੇ ਹੁਣ ਵੀ ਵੱਖ ਹੈ। ਇਹ ਗੱਲ ਅਜੀਤ ਸਿੰਘ ਸੰਧੂ ਦੇ ਭੋਗ ਵਾਲੇ ਦਿਨ ਵੀ ਸਪਸ਼ਟ ਹੋ ਗਈ ਸੀ। ਬੀ.ਜੇ.ਪੀ. ਵਾਲੇ ਸ਼ਰਧਾਂਜਲੀ ਸਮਾਗਮ ਵਿਚ ਹਾਜ਼ਰ ਸਨ ਅਕਾਲੀ ਨਹੀਂ ਸਨ।

ਹੁਣ ਇਹੋ ਜਿਹੇ ਵਿਸ਼ੇ 'ਤੇ ਨਾਟਕ ਕੌਣ ਲਿਖੇਗਾ ਤੇ ਕੌਣ ਕਰੇਗਾ? ਇਹ ਇਕ ਸਵਾਲ ਵੀ ਹੈ ਤੇ ਚੁਣੌਤੀ ਵੀ ਹੈ। ਜੋ ਵੀ ਚੁਣੌਤੀ ਸਵੀਕਾਰ ਕਰੇਗਾ ਉਹਦੇ ਬਾਰੇ ਇਤਰਾਜ਼ ਹੋਣੇ ਹੀ ਹੋਣੇ ਹਨ। ਇਸ ਤਰ੍ਹਾਂ ਨਾ ਨਾਟਕ ਨਾ ਹੀ ਕੋਈ ਸਭਿਆਚਾਰ ਵਿਭਾਗ ਸਪਾਂਸਰ ਕਰੇਗਾ ਅਤੇ ਨਾ ਹੀ ਨਾਰਥ ਜ਼ੋਨ ਕਲਚਰਲ ਸੈਂਟਰ ਅਤੇ ਨਾ ਹੀ ਪੰਜਾਬ ਕਲਾ ਪ੍ਰਿਸ਼ਦ। ਫੇਰ ਕੌਣ ਕਰੇਗਾ? ਇਹ ਚੁਣੌਤੀ ਪਲਸ ਮੰਚ ਨੂੰ ਹੀ ਸਵੀਕਾਰ ਕਰਨੀ ਪਏਗੀ।

ਸਾਹਿਤ ਦੀ ਮੰਗ ਹੈ ਕਿ ਉਹ ਮਾਨਵੀ ਕਦਰਾਂ ਕੀਮਤਾਂ ਦਾ ਮੁੱਦਈ ਹੁੰਦਾ ਹੈ। ਉਹ ਆਪਣੀ ਸੀਮਾ ਵਿਚ ਸੁਹਿਰਦ ਹੁੰਦਾ ਹੈ। ਸਚਾਈ ਨੂੰ ਫੜਨ ਦਾ ਯਤਨ ਕਰਦਾ ਹੈ। ਪੰਜਾਬੀ ਨਾਟਕ ਵਿਚ ਸਕਰਿਪਟ ਦੀ ਘਾਟ ਨੂੰ ਸਮਕਾਲੀ ਜਾ...ਆਂ 'ਤੇ ਨਾਟਕ ਲਿਖ ਕੇ ਹੀ ਪੂਰਾ ਕੀਤਾ ਜਾ ਸਕਦਾ ਹੈ। ਇਸ ਦਿਸ਼ਾ ਵਲ ਸੰਜੀਦਗੀ ਨਾਲ ਸੋਚਣਾ ਬਣਦਾ ਹੈ।

## ਪੰਜਾਬੀ ਕਲਾਕਾਰਾਂ ਦੀ ਸੰਸਥਾ

8 ਜੂਨ ਨੂੰ ਪਲਸ ਮੰਚ ਦੇ ਸੱਦੇ 'ਤੇ ਉਨ੍ਹਾਂ ਕਲਾਕਾਰਾਂ ਦਾ ਇਕੱਠ ਹੋਇਆ ਜੋ ਲੋਕ-ਪੱਖੀ ਅਤੇ ਇਨਕਲਾਬੀ ਸੋਚ ਦੇ ਧਾਰਨੀ ਸਨ। 22 ਜੂਨ ਨੂੰ ਪਟਿਆਲਾ ਵਿਚ ਕਲਾਕਾਰਾਂ ਦਾ ਇਕ ਹੋਰ ਇਕੱਠ ਹੋਇਆ। ਇਹ ਕਲਾਕਾਰ ਰੰਗ ਮੰਚ, ਫਿਲਮਾਂ ਸੰਗੀਤ ਅਤੇ ਨ੍ਰਿਤ ਨਾਲ ਸਬੰਧਤ ਸਨ। 'ਹਰਪਾਲ ਟਿਵਾਣਾ ਨੇ' ਇਸ ਇਕੱਠ ਲਈ ਪਹਿਲਕਦਮੀ ਵੀ ਕੀਤੀ ਅਤੇ ਪ੍ਰਾਹੁਣਚਾਰੀ ਵੀ। ਇਸ ਇਕੱਠ ਵਿਚ ਜਿਹੜੀ ਗੱਲ ਉਭਰ ਕੇ ਸਾਂਹਮਣੇ ਆਈ, ਉਹ ਇਹ ਸੀ ਕਿ ਕਲਾ ਦੇ ਵਾਸਤੇ, ਸਰਕਾਰੀ ਜਾਂ ਨੀਮ ਸਰਕਾਰੀ ਅਦਾਰਿਆਂ ਕੋਲ ਜਿਹੜੇ ਫੰਡ ਹਨ, ਉਨ੍ਹਾਂ ਦੀ ਵੰਡ ਵੇਲੇ ਕਿਹੋ ਜਿਹੀ ਪਾਰਦਰਸ਼ਤਾ ਹੋਵੇ ਤੇ ਕਲਾਕਾਰ ਉਹਦੀ ਕਿਸ ਤਰ੍ਹਾਂ ਪਹਿਰੇਦਾਰੀ ਕਰਨ।

ਇਹ ਮਹਿਸੂਸ ਕੀਤਾ ਗਿਆ ਕਿ ਇਹ ਪਾਰਦਰਸ਼ਤਾ ਨਾ ਹੋਣ ਕਰ ਕੇ ਅਤੇ ਕੋਈ ਐਲਾਨੀਆਂ ਸਭਿਆਚਾਰਕ ਨੀਤੀਆਂ ਨਾ ਹੋਣ ਕਰ ਕੇ ਕਲਾ ਲਈ ਰੱਖੇ ਗਏ ਫੰਡਾਂ ਦੀ ਸਹੀ ਵਰਤੋਂ ਨਹੀਂ ਹੁੰਦੀ। ਮਿਸਾਲ ਦੇ ਤੌਰ 'ਤੇ ਸਰਕਾਰ ਵਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਇਕ ਚੰਗੀ ਪੰਜਾਬੀ ਫਿਲਮ ਲਈ 12 ਲੱਖ ਤਕ ਦੀ ਰਾਸ਼ੀ ਦੀ ਸਬਸਿਡੀ ਦਿੱਤੀ ਜਾ ਸਕਦੀ ਹੈ ਪਰ 'ਚੰਗੀ' ਦੀ ਪਰਿਭਾਸ਼ਾ ਕੀ ਹੈ? ਕਿਸ ਨੇ ਇਹ ਫੈਸਲਾ ਕਰਨਾ ਹੈ ਕਿ ਇਹ ਫਿਲਮ 'ਚੰਗੀ' ਹੈ ਜਾਂ ਨਹੀਂ। ਕੀ ਉਸ ਫਿਲਮ ਦੀ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ 'ਤੇ ਕੋਈ ਪਹਿਚਾਣ ਹੈ? ਪੰਜਾਬ ਵਿਚ ਤਾਂ ਹੁਣ ਤਕ ਉਂਗਲਾਂ 'ਤੇ ਗਿਣੀਆਂ ਜਾਣ ਵਾਲੀਆਂ ਉਹ ਫਿਲਮਾਂ ਹਨ ਜੋ 'ਚੰਗੀ' ਦੇ ਨੇੜੇ-ਤੇੜੇ ਪੁੱਜਦੀਆਂ ਹਨ। ਖਦਸ਼ਾ ਹੈ ਕਿ ਸਰਕਾਰ ਦੇ ਖਜ਼ਾਨੇ ਦੀ ਇਕ ਵੱਡੀ ਰਕਮ ਖਰਚ ਵੀ ਹੋ ਜਾਵੇਗੀ ਤੇ ਪੰਜਾਬੀ ਫਿਲਮਾਂ ਦਾ ਪੱਧਰ ਵੀ ਉਚਾ ਨਹੀਂ ਹੋਵੇਗਾ। ਕਲਾਕਾਰਾਂ ਦੀ ਸੰਸਥਾ ਦੀ ਮੰਗ ਹੈ ਕਿ ਮਾਹਿਰਾਂ ਦੀ ਕਮੇਟੀ ਬਣੇ ਜੋ ਇਸ ਸੰਦਰਭ ਵਿਚ ਠੋਸ ਸੁਝਾਅ ਅਤੇ ਸਿਫਾਰਸ਼ ਕਰ ਸਕੇ।

ਕਲਾਕਾਰਾਂ ਦੀ ਸੰਸਥਾ ਵਿਚ 'ਹਰਪਾਲ ਟਿਵਾਣਾ ਅਤੇ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਮੁੱਖ ਤੌਰ 'ਤੇ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ ਕਿ ਉਹ ਪੰਜਾਬ ਵਿਚ ਕਸਬੀ ਥੀਏਟਰ ਦੇ ਵਿਕਾਸ ਵਿਚ ਕਲਾਕਾਰਾਂ ਦੇ ਹੱਕਾਂ ਦੀ ਰਖਵਾਲੀ ਕਰਨ। ਪਹਿਲੇ 8 ਜੂਨ ਤੇ ਫੇਰ 22 ਜੂਨ ਦੇ ਕਲਾਕਾਰਾਂ ਦੇ ਇਹ ਇਕੱਠ ਦੱਸਦੇ ਹਨ ਕਿ ਕਲਾਕਾਰ ਆਪਣੇ ਭਵਿੱਖ ਬਾਰੇ ਫਿਕਰਮੰਦ ਹਨ ਤੇ ਇਸ ਸਿਲਸਿਲੇ ਵਿਚ ਜਥੇਬੰਦਕ ਕੋਸ਼ਿਸ਼ ਕਰਨ ਲਈ ਉਤਾਵਲੇ ਹਨ। ਇਹ ਆਪਣੇ ਆਪ ਵਿਚ ਇਕ ਚੰਗੀ ਗੱਲ ਹੈ।

## ਲੇਖਣੀ ਦੇ 60 ਸਾਲ

ਪੰਜਾਬੀ ਨਾਟਕ ਨੂੰ ਰੱਤਾਸਾਲੂ, ਅੱਜ ਕੱਲ੍ਹ ਤੇ ਭਲਕ, ਪੂਰੇ ਨਾਟਕ ਤੇ ਮਨ ਦੀਆਂ ਮਨ ਵਿਚ ਵਰਗੇ ਇਕਾਂਗੀ ਦੇਣ ਵਾਲੇ ਡਾ. ਹਰਚਰਨ ਸਿੰਘ ਨੇ ਆਪਣੀ ਨਾਟਕ ਲੇਖਣੀ ਦੇ 60 ਸਾਲ ਪੂਰੇ ਕਰ ਲਏ ਹਨ। ਹੁਣ ਉਨ੍ਹਾਂ ਨੇ ਕਿਸੇ ਵੀ ਪਬਲਿਕ ਅਦਾਰੇ ਦੀ ਅਹੁਦੇਦਾਰੀ ਤੋਂ ਕਿਨਾਰਾਕਸ਼ੀ ਦਾ ਐਲਾਨ ਕੀਤਾ ਹੈ। ਪੰਜਾਬੀ ਨਾਟਕ ਉਨ੍ਹਾਂ ਦੀ ਦੇਣ ਲਈ ਹਮੇਸ਼ਾ ਰਿਣੀ ਰਹੇਗਾ।

**ਗੁਰਸ਼ਰਨ ਸਿੰਘ**